**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104 -106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1 ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਅਤੇ (ਐ.ਸਿ.)
2 ਰਾਜ ਦੇ ਸਮੂਹ ਸਕੂਲਾਂ ਦੇ ਮੁੱਖੀ (ਵੈੱਬ ਸਾਈਟ ਦੇ ਰਾਹੀਂ)

ਮੀਮੋ ਨੰ ਸਸਅ/ਐਮ.ਸੀ./09/77283-77324
ਮਿਤੀ ਚੰਡੀਗੜ੍ਹ 27 ਨਵੰਬਰ, 2009

**ਵਿਸ਼: ਮਹੀਨਾਵਾਰ ਟੈਸਟਾਂ ਵਿੱਚ ਹੋ ਰਹੇ ਗੈਰ-ਹਾਜ਼ਰ ਵਿਦਿਆਰਥੀਆਂ ਬਾਰੇ ।**

1.0 ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ ।

2.0 ਸਮੇਂ ਸਮੇਂ ਸਿਰ ਸਕੂਲਾਂ ਦੇ ਨਿਰੀਖਣ ਦੌਰਾਨ ਸਕੂਲਾਂ ਦੇ ਮੁੱਖੀਆਂ ਵੱਲੋਂ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਕੁੱਝ ਵਿਦਿਆਰਥੀ ਮਹੀਨਾਵਾਰ ਟੈਸਟਾਂ ਵਿੱਚ ਹਾਜ਼ਰ ਨਹੀਂ ਹੁੰਦੇ ਜਿਸ ਵਜ੍ਹਾ ਨਾਲ ਇਹੋ ਜਿਹੇ ਵਿਦਿਆਰਥੀਆਂ ਬਾਰੇ ਕੀ ਕਾਰਵਾਈ ਕਰਨੀ ਹੈ, ਸਪੱਸ਼ਟ ਨਹੀਂ ਹੈ । ਇਸ ਬਾਰੇ ਜ਼ਿਲ੍ਹਾ ਸਿੱਖਿਆ ਅਫਸਰਾਂ ਦੀਆਂ ਮਹੀਨਾਵਾਰ ਮੀਟਿੰਗਾਂ ਵਿੱਚ ਅਤੇ ਸਿੱਖਿਆ ਮਾਹਿਰਾਂ ਦੇ ਵੀ ਵਿਚਾਰ ਲਏ ਗਏ ਹਨ ।

3.0 ਸਾਰੇ ਮੁੱਦੇ ਨੂੰ ਵਿਚਾਰਣ ਉਪਰੰਤ ਇਹ ਫੈਸਲਾ ਕੀਤਾ ਜਾਂਦਾ ਹੈ ਕਿ ਮਹੀਨਾਵਾਰ ਟੈਸਟ ਹਰ ਵਿਦਿਆਰਥੀ ਲਈ ਲਾਜ਼ਮੀ ਹਨ ਕਿਉਂ ਕਿ ਮਹੀਨਾਵਾਰ ਟੈਸਟਾਂ ਨੂੰ ਸਾਲਾਨਾ ਹੋਣ ਵਾਲੀ ਪ੍ਰੀਖਿਆ ਵਿੱਚ ਵੇਟੇਜ਼ ਦਿੱਤੀ ਜਾਣੀ ਹੈ । ਇਸ ਬਾਰੇ ਵੱਖਰੇ ਤੌਰ ਤੇ ਪਹਿਲਾਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ । ਇਹ ਗੱਲ ਸਾਫ ਹੈ ਕਿ ਜੇਕਰ ਕੋਈ ਵਿਦਿਆਰਥੀ ਮਹੀਨਾਵਾਰ ਟੈਸਟ ਵਿੱਚ ਹਾਜ਼ਰ ਨਹੀਂ ਹੁੰਦਾ ਹੈ ਤਾਂ ਉਸ ਦੇ ਨੰਬਰ ਸਾਲਾਨਾ ਪ੍ਰੀਖਿਆ ਵਿੱਚ ਕੱਟੇ ਜਾਣਗੇ। ਪਰੰਤੂ ਅਜਿਹਾ ਕਰਨ ਤੋਂ ਪਹਿਲਾਂ ਸਬੰਧਤ ਅਧਿਆਪਕ ਇਹੋ ਜਿਹੇ ਵਿਦਿਆਰਥੀਆਂ ਦਾ ਉਸੇ ਸਿਲੇਬਸ ਵਿੱਚ ਆਪਣੀ ਪੱਧਰ ਤੇ ਪ੍ਰਸ਼ਨ ਪੱਤਰ ਬਣਵਾਉਣ ਉਪਰੰਤ ਉਸੀ ਹਫਤੇ ਦੌਰਾਨ ਕਿਸੀ ਵੀ ਨਿਯਤ ਕੀਤੇ ਦਿਨ ਪਰੀਖਿਆ ਵਾਲੇ ਦਿਨ ਗੈਰ-ਹਾਜਰ ਰਹੇ ਵਿਦਿਆਰਥੀ ਦਾ ਟੈਸਟ ਲਿਆ ਜਾਵੇ ਅਤੇ ਵਿਦਿਆਰਥੀ ਵੱਲੋਂ ਪ੍ਰਾਪਤ ਕੀਤੇ

ਗਏ ਨੰਬਰ ਸਕੂਲ ਇਨਚਾਰਜ ਨੂੰ ਦੇ ਦਿੱਤੇ ਜਾਣ । ਇਹ ਨੰਬਰ ਮਹੀਨਾਵਾਰ ਪਰੀਖਿਆ ਰਜਿਸਟਰ ਅਤੇ ਪ੍ਰਗਤੀ ਕਾਰਡ ਉਪਰ ਵੀ ਦਰਜ ਕੀਤੇ ਜਾਣ।

4.0 ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਸਕੂਲ ਮੁੱਖੀਆਂ ਵੱਲੋਂ ਇਹੋ ਜਿਹੇ ਵਿਦਿਆਰਥੀ ਜੋ ਮਹੀਨਾਵਾਰ ਟੈਸਟ ਵਿੱਚ ਹਾਜ਼ਰ ਨਹੀਂ ਹੁੰਦੇ, ਨੂੰ ਬੜੀ ਗੰਭੀਰਤਾਂ ਨਾਲ ਲਿਆ ਜਾਣਾ ਚਾਹੀਦਾ ਹੈ ਅਤੇ ਅਜਿਹੇ ਵਿਦਿਆਰਥੀ ਦੇ ਮਾਂ ਬਾਪ ਨਾਲ ਵੀ ਰਾਬਤਾ ਪੈਦਾ ਕੀਤਾ ਜਾਵੇ ਅਤੇ ਕੁੱਝ ਕੇਸਾਂ ਵਿੱਚ ਪਿੰਡ ਦੀ ਪੀ.ਟੀ.ਏ. ਜਾਂ ਪੇਂਡੂ ਵਿਕਾਸ ਕਮੇਟੀ ਦੇ ਧਿਆਨ ਵਿੱਚ ਲਿਆ ਕੇ ਵੀ ਲੋੜੀਂਦੀ ਕਾਰਵਾਈ ਕੀਤੀ ਜਾ ਸਕਦੀ ਹੈ । ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਜੇਕਰ ਸਕੂਲ ਮੁੱਖੀ ਅਧਿਆਪਕ ਜਾਤੀ ਤੌਰ ਤੇ ਰਾਬਤਾ ਰੱਖਣਗੇ ਤਾਂ ਇਹੋ ਜਿਹੇ ਵਿਦਿਆਰਥੀਆਂ ਦੀ ਗਿਣਤੀ ਆਪਣੇ ਆਪ ਹੀ ਬਹੁਤ ਘੱਟ ਜਾਵੇਗੀ । ਸਕੂਲ ਮੁੱਖੀਆਂ ਵੱਲੋਂ ਉਠਾਏ ਗਏ ਇਹੋ ਜਿਹੇ ਕਦਮਾਂ ਦੀ ਵਿਭਾਗ ਵੱਲੋਂ ਸ਼ਲਾਘਾ ਕੀਤੀ ਜਾਵੇਗੀ ।

4.0 ਇਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

ਉਤਾਰਾ : ਡੀ.ਐਮ. (ਐਮ.ਆਈ.ਐਸ.) ਨੂੰ ਵੈੱਬ ਸਾਈਟ ਤੇ ਪਾਉਣ ਲਈ